BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਸਪ੍ਰਿੰਗ ਵਿੱਚ ਪਾਰਕਿੰਗ ਅਤੇ ਪ੍ਰਾਪਰਟੀ ਸਟੈਂਡਰਡਸ ਦੇ ਨਿਯਮਾਂ ਬਾਰੇ ਯਾਦ ਦਵਾਉਂਦੀ ਹੈ

ਕਿਉਂਕਿ ਬਸੰਤ ਸ਼ੁਰੂ ਹੋ ਰਹੀ ਹੈ, ਇਸਲਈ ਸਿਟੀ ਆਫ ਬ੍ਰੈਂਪਟਨ ਯਾਦ ਦਵਾ ਰਹੀ ਹੈ ਕਿ, ਸਾਡੇ ਸ਼ਹਿਰ ਦੀ ਕੁਆਲਿਟੀ ਨੂੰ ਕਾਇਮ ਰੱਖਣ ਵਾਸਤੇ ਬਾਇ ਲਾਅਜ ਅਤੇ ਸਟੈਂਡਰਡਸ ਨੂੰ ਬਹਾਲ ਰੱਖਣ ਵਿੱਚ, ਸਾਨੂੰ ਸਾਰਿਆਂ ਨੂੰ ਭੂਮਿਕਾ ਨਿਭਾਉਣੀ ਪਵੇਗੀ।

ਸਿਟੀ ਆਫ ਬ੍ਰੈਂਪਟਨ ਦੇ ਬਾਇ ਲਾਅਜ ਇੱਕ ਗਾਈਡ ਵਜੋਂ ਕੰਮ ਕਰਦੇ ਹਨ, ਜੋ ਸਾਫ ਅਤੇ ਸੁਰੱਖਿਅਤ ਗਵਾਂਢਾਂ ਦਾ ਅਨੰਦ ਮਾਣਨ ਅਤੇ ਸਾਂਝੀਆਂ ਪਬਲਿਕ ਥਾਵਾਂ ਦੀ ਸੰਭਾਲ ਵਿੱਚ ਹਰ ਕਿਸੇ ਦੀ ਮਦਦ ਕਰਦੀ ਹੈ।

ਵਸਨੀਕਾਂ ਨੂੰ ਹੇਠਾਂ ਦਿੱਤੇ ਕੰਮ ਕਰਕੇ ਇੱਕ ਚੰਗਾ ਗਵਾਂਢੀ ਬਣਨ ਲਈ ਕਿਹਾ ਜਾ ਰਿਹਾ ਹੈ:

- ਸਾਈਡਵਾਕ ਨੂੰ ਸਾਫ ਰੱਖਣਾ, ਵਾਹਨਾਂ ਨਾਲ ਸਾਈਡਵਾਕਸ ਜਾਂ ਸਟ੍ਰੀਟਸ ਨੂੰ ਬਲੌਕ ਕਰਨ ਦੀ ਇਜਾਜ਼ਤ ਨਹੀਂ ਹੈ
- ਵਾਧੂ ਸ਼ੋਰ ਨੂੰ ਘੱਟ ਕਰਨਾ, ਸ਼ੋਰ ਅਤੇ ਵਿਘਨ ਪਾਉਣ ਤੇ ਰੈਗੁਲੇਸ਼ਨ, ਇਕਸਾਰਤਾ ਵਾਲੀਆਂ ਕਮਿਉਨਿਟੀਜ ਬਣਾਉਣ ਅਤੇ ਉਹਨਾਂ ਨੂੰ ਕਾਇਮ ਰੱਖਣ ਵਿੱਚ ਮਦਦ ਕਰਦਾ ਹੈ
- ਬਦਸੂਰਤ ਅਤੇ ਖਤਰਨਾਕ ਅਵਸਥਾ ਤੋਂ ਮੁਕਤ, ਸਾਫ-ਸੁਥਰੀ ਸਥਿਤੀ ਨੂੰ ਯਕੀਨੀ ਬਣਾਉਂਦੇ ਹੋਏ, ਯਾਰਡ ਵਾਲੀ ਥਾਂ ਨੂੰ ਪ੍ਰਾਪਰਟੀ ਸਟੈਂਡਰਡਸ ਮੁਤਾਬਕ ਰੱਖਣਾ
- ਸ਼ਹਿਰ ਦੀ ਸਟ੍ਰੀਟਸ ਤੇ ਸਵੇਰੇ 2 ਵਜੇ ਤੋਂ 6 ਵਜੇ ਤੱਕ ਜਾਂ ਇੱਕ ਵਾਰ ਵਿੱਚ ਤਿੰਨ ਘੰਟਿਆਂ ਤੋਂ ਵੱਧ ਪਾਰਕਿੰਗ ਨਾ ਕਰਨਾ, ਜਦੋਂ ਤੱਕ ਕਿ ਪਾਰਕਿੰਗ ਕੰਸੀਡਰੇਸ਼ਨ ਨਾ ਪ੍ਰਾਪਤ ਕੀਤਾ ਗਿਆ ਹੋਵੇ

ਸਿਟੀ ਆਫ ਬ੍ਰੈਂਪਟਨ ਦੀ ਬਾਇਲਾਅ ਐਨਫੋਰਸਮੈਂਟ (Bylaw Enforcement) ਡਿਵੀਜਨ ਯਕੀਨੀ ਬਣਾਉਂਦੀ ਹੈ ਕਿ ਵਸਨੀਕ, ਪਬਲਿਕ ਪ੍ਰਾਪਰਟੀ ਸਬੰਧੀ ਅਪਰਾਧਾਂ ਨਾਲ ਸਬੰਧਿਤ ਸਿਟੀ ਦੇ ਬਾਇ ਲਾਅਜ ਦੀ ਪਾਲਣਾ ਕਰਨ, ਜਿਵੇਂ ਸਨੋ ਹਟਾਉਣਾ, ਬਹੁਤ ਤੇਜ਼ ਮਿਊਜਿਕ ਅਤੇ ਪਾਰਕਿੰਗ ਉਲੰਘਣਾਵਾਂ ਅਤੇ ਕਈ ਤਰ੍ਹਾਂ ਦੇ ਹੋਰ ਅਪਰਾਧ। ਇਹ ਯੂਨਿਟ ਜਨਤਾ ਦੀ ਸੁਰੱਖਿਆ ਕਾਇਮ ਰੱਖਣ ਦਾ ਯਤਨ ਕਰਦੀ ਹੈ, ਜਦੋਂ ਉਹ ਸੜਕਾਂ, ਸਾਈਡਵਾਕਸ, ਪਾਰਕਾਂ ਅਤੇ ਦੂਜੇ ਆਮ ਪਬਲਿਕ ਥਾਵਾਂ ਦੀ ਵਰਤੋਂ ਕਰਦੇ ਹਨ।

ਪ੍ਰਾਪਰਟੀ ਸਟੈਂਡਰਡਸ (Property Standards) ਸੈਕਸ਼ਨ, ਇਹ ਯਕੀਨੀ ਬਣਾਉਣ ਲਈ ਕਿ ਵਸਨੀਕ ਆਪਣੀਆਂ ਪ੍ਰਾਪਰਟੀਜ ਦੀ ਸੰਭਾਲ ਕਰਦੇ ਹਨ, ਪ੍ਰਾਈਵੇਟ ਪ੍ਰਾਪਰਟੀ ਸਬੰਧੀ ਅਪਰਾਧਾਂ ਦੀ ਐਨਫੋਰਸਮੈਂਟ ਲਈ ਜ਼ਿੰਮੇਵਾਰ ਹੈ। ਇੰਸਪੈਕਟਰ, ਵਾਧੂ ਘਾਹ ਅਤੇ ਵੀਡ ਦੇ ਵਾਧੇ ਦੇ ਨਾਲ-ਨਾਲ ਕੂੜੇ ਅਤੇ ਮਲਬੇ ਸਬੰਧੀ ਸ਼ਿਕਾਇਤਾਂ ਤੇ ਧਿਆਨ ਦੇਣ ਲਈ ਕੰਮ ਕਰਦੇ ਹਨ।

ਵਧੇਰੇ ਜਾਣਕਾਰੀ ਲਈ, brampton.ca/bylaws ਤੇ ਜਾਓ।

**ਹਵਾਲੇ**

"ਇੱਕ ਸਿਹਤਮੰਦ ਅਤੇ ਬਿਨਾਂ ਵਿਘਨ ਵਾਲੇ ਬਸੰਤ ਸੀਜਨ ਨੂੰ ਯਕੀਨੀ ਬਣਾਉਣ ਲਈ, ਸਾਨੂੰ ਸਾਰਿਆਂ ਨੂੰ ਭੂਮਿਕਾ ਨਿਭਾਉਣੀ ਪਵੇਗੀ। ਸਾਡੀ ਸਿਟੀ ਆਫ ਬ੍ਰੈਂਪਟਨ ਦੀ ਬਾਇਲਾਅ ਟੀਮ, ਸਾਡੀ ਕਮਿਉਨਿਟੀ ਨੂੰ ਸੁਰੱਖਿਅਤ ਅਤੇ ਸਾਫ ਰੱਖਣ ਲਈ ਪੂਰਾ ਸਾਲ ਕੰਮ ਕਰਦੀ ਹੈ। ਕਿਉਂਕਿ ਗਰਮ ਮੌਸਮ ਫੇਰ ਆ ਗਿਆ ਹੈ, ਇਸਲਈ ਅਸੀਂ ਇਹ ਯਕੀਨੀ ਬਣਾਉਣ ਵਿੱਚ ਟੀਮ ਦੀ ਸਹਾਇਤਾ ਕਰ ਸਕਦੇ ਹਾਂ ਕਿ ਅਸੀਂ ਸਾਰੇ, ਪ੍ਰਾਪਰਟੀ ਸਟੈਂਡਰਡਸ ਨੂੰ ਕਾਇਮ ਰੱਖ ਕੇ ਅਤੇ ਸ਼ੋਰ ਅਤੇ ਪਾਰਕਿੰਗ ਸਬੰਧੀ ਬਾਇ ਲਾਅਜ ਦੀ ਪਾਲਣਾ ਕਰਕੇ ਸਾਡੇ ਗਵਾਂਢਾਂ ਦਾ ਅਨੰਦ ਮਾਣ ਸਕਦੇ ਹਾਂ।"

- *ਪੈਟਰਿਕ ਬ੍ਰਾਉਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਕਿਉਂਕਿ ਅਸੀਂ ਗਰਮ ਮੌਸਮ ਦਾ ਸੁਆਗਤ ਕਰ ਰਹੇ ਹਾਂ ਅਤੇ ਬਾਹਰ ਨਿੱਕਲ ਰਹੇ ਹਾਂ, ਕੁਝ ਅਜਿਹੀਆਂ ਮਹੱਤਵਪੂਰਣ ਚੀਜ਼ਾਂ ਹਨ, ਜੋ ਅਸੀਂ ਇੱਕ ਚੰਗੇ ਗਵਾਂਢੀ ਬਣਨ ਅਤੇ ਸੁਰੱਖਿਅਤ ਥਾਵਾਂ ਬਣਾਉਣ ਲਈ ਕਰ ਸਕਦੇ ਹਾਂ, ਜਿੱਥੇ ਸਾਰੇ ਸੰਪੰਨ ਹੋ ਸਕਣ। ਕਿਰਪਾ ਕਰਕੇ ਆਪਣੀ ਪਾਰਕਿੰਗ ਵਾਲੀ ਥਾਂ ਦਾ ਧਿਆਨ ਰੱਖ ਕੇ, ਸ਼ੋਰ ਦਾ ਧਿਆਨ ਰੱਖ ਕੇ ਅਤੇ ਤੁਹਾਡੀ ਸਮੁੱਚੀ ਪ੍ਰਾਪਰਟੀ ਦੀ ਦੇਖਭਾਲ ਕਰਕੇ, ਸਾਡੇ ਸ਼ਹਿਰ ਅਤੇ ਕਮਿਉਨਿਟੀ ਦਾ ਖਿਆਲ ਰੱਖਣ ਵਿੱਚ ਸਾਡੀ ਮਦਦ ਕਰੋ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਨਾਲ ਇਹ ਯਕੀਨੀ ਬਣਾਉਣ ਵਿੱਚ ਸਫਲਤਾ ਮਿਲਦੀ ਹੈ ਕਿ ਸਾਡਾ ਸਾਰਿਆਂ ਦਾ ਖਿਆਲ ਰੱਖਿਆ ਜਾ ਰਿਹਾ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਲੈਜਿਸਲੇਟਿਵ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca